# ਪੰਜਾਬ ਆਈ.ਸੀ.ਟੀ ਐਜੂਕੇਸ਼ਨ ਸੁਸਾਇਟੀ

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਅੰਮ੍ਰਿਤਸਰ

ਈ ਮੇਲ: deoictasr@gmail.com ਫੋਨ ਨੰਬਰ : 0183-2225897 ਫੈਕਸ 0183-2225896


ਵੱਲ:

ਸਬੰਧਤ ਪ੍ਰਿੰਸੀਪਲ

ਸਸਸਸ ਅੰਮ੍ਰਿਤਸਰ।

ਪੱਤਰ ਨੰ :ਆਈ.ਸੀ.ਟੀ/ ਅੰਮ੍ਰਿਤਸਰ/2017/ 24389 ਮਿਤੀ : 04-01-2017

**ਵਿਸ਼ਾ : ਮਿਤੀ 06-01-2017 ਨੂੰ ਡਿਜੀਟਲ ਈ-ਪੇਮੈਂਟ ਸਬੰਧੀ ਕਰਵਾਏ ਜਾ ਰਹੇ ਮੇਲੇ ਵਿੱਚ ਭਾਗ ਲੈਣ ਸਬੰਧੀ।**

ਹਵਾਲਾ : ਮਾਨਯੋਗ ਡਿਪਟੀ ਕਮਿਸ਼ਨਰ ਜੀ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾ ਅਨੁਸਾਰ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਿਤੀ 06-01-2017 ਨੂੰ ਜਿਲ੍ਹਾ ਅੰਮ੍ਰਿਤਸਰ ਵਿੱਚ ਡਿਜੀਟਲ ਈ-ਪੇਮੈਂਟ ਵਿਸ਼ੇ ਤੇ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਵਿੱਚ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਬੈਂਕ ਈ-ਪੇਮੈਂਟ ਕਰਨ ਸਬੰਧੀ ਗੁਰੂ ਨਾਨਕ ਭਵਨ ਨੇੜੇ ਬਸ ਸਟੈਂਡ ਵਿਖੇ ਆਪਣੇ ਸਟਾਲ ਲਗਾਉਣਗੇ ਅਤੇ ਲੋਕਾਂ ਨੂੰ ਈ-ਪੇਮੈਂਟ ਕਰਨ ਸਬੰਧੀ ਵੱਖ-ਵੱਖ ਤਰੀਕਿਆਂ ਬਾਰੇ ਜਾਣਕਾਰੀ ਦੇਣਗੇ।

ਇਸ ਸਬੰਧ ਵਿੱਚ ਵੱਖ-ਵੱਖ ਮੁਕਾਬਲਿਆਂ ਵਿੱਚੋਂ ਜੇਤੂ ਵਿਦਿਆਰਥੀਆਂ ਤੋਂ ਇਲਾਵਾ ਹੇਠ ਦਰਸਾਏ ਸਕੂਲਾਂ ਵਿੱਚੋਂ ਆਪਣੇ ਸਕੂਲ ਤੋਂ 15-15 ਗਿਆਰਵੀ ਅਤੇ ਬਾਰਵੀਂ ਦੇ ਵਿਦਿਆਰਥੀ ਅਤੇ 10-10 ਅਧਿਆਪਕ ਮਿਤੀ 06-01-2017 ਨੂੰ ਦੁਪਿਹਰ 1:30 ਵਜੇ ਗੁਰੂ ਨਾਨਕ ਭਵਨ ਨੇੜੇ ਬਸ ਸਟੈਂਡ ਵਿਖੇ ਰਿਪੋਰਟ ਕਰਨਗੇ। ਸਬੰਧਤ ਸਕੂਲਾਂ ਦੇ ਮੁੱਖੀ ਇਹ ਯਕੀਨੀ ਬਣਾਉਣਗੇ ਕਿ ਜਿਹੜੇ ਵਿਦਿਆਰਥੀ/ ਅਧਿਆਪਕ ਇਸ ਮੇਲੇ ਵਿੱਚ ਭਾਗ ਲੈਣਗੇ ਉਹ ਇਸ ਸਬੰਧੀ ਆਪਣੇ ਮਾਪਿਆਂ ਨੂੰ ਪਹਿਲਾਂ ਤੋਂ ਹੀ ਸੂਚਿਤ ਕਰ ਦੇਣ ਤਾਂ ਜੋ ਦੇਰੀ ਹੋਣ ਕਾਰਨ ਕੋਈ ਮੁਸ਼ਕਲ ਪੇਸ਼ ਨਾ ਆਵੇ। ਸਬੰਧਤ ਸਕੂਲ ਮੁੱਖੀ ਮੇਲੇ ਵਿੱਚ ਹਾਜ਼ਰ ਹੋਕੇ ਇਨ੍ਹਾਂ ਦੀ ਹਾਜ਼ਰੀ ਯਕੀਨੀ ਬਣਾਉਣ ਲਈ ਜਿੰਮੇਵਾਰ ਹੋਣਗੇ।

| ਲੜੀ ਨੰਬਰ | ਮੇਲੇ ਵਿੱਚ ਭਾਗ ਲੈਣ ਵਾਲੇ ਸਕੂਲ ਦਾ ਨਾਂ |
|---|---|
| 1 | ਸਕੰਸਸਸ ਮਾਲ ਰੋਡ |
| 2 | ਸਸਸਸ ਟਾਉਨ ਹਾਲ |
| 3 | ਸਕੰਸਸਸ ਐਮ.ਐਸ.ਗੇਟ |
| 4 | ਸਸਸਸ ਰਾਮਬਾਗ |
| 5 | ਸਕੰਸਸਸ ਐਮ.ਐਸ.ਰੋਡ |
| 6 | ਸਸਸਸ ਕੋਟ ਬਾਬਾ ਦੀਪ ਸਿੰਘ |
| 7 | ਸਕੰਸਸਸ ਕੋਟ ਬਾਬਾ ਦੀਪ ਸਿੰਘ |
| 8 | ਸਸਸਸ ਵਰਪਾਲ |
| 9 | ਸਸਸਸ ਕਰਮਪੁਰਾ |
| 10 | ਸਕੰਸਸਸ ਪੁਤਲੀਘਰ |
| 11 | ਸਕੰਸਸਸ ਨਵਾਂ ਕੋਟ |
| 12 | ਸਸਸਸ ਛੇਹਰਟਾ |

ਨੋਟ: ਜਿੰਨ੍ਹਾ ਸਕੂਲਾਂ ਦੇ ਵਿਦਿਆਰਥੀ ਮੁਕਾਬਲੇ (ਪੋਸਟਰ ਮੈਕਿੰਗ, ਰਾਈਮਜ਼ ਅਤੇ ਸਲੋਗਨ ਰਾਈਟਿੰਗ) ਵਿੱਚ ਪਹਿਲੇ ਦੂਜੇ ਅਤੇ ਤੀਜੇ ਸਥਾਨ ਤੇ ਆਏ ਹਨ ਉਹ ਆਪਣੇ ਨਾਲ ਸਬੰਧਤ ਸਮੱਗਰੀ ਲੈ ਕੇ ਆਉਣਾ ਯਕੀਨੀ ਬਣਾਉਣਗੇ।

04/01/17

ਜਿਲ੍ਹਾ ਸਿਖਿਆ ਅਫਸਰ (ਸੈ:ਸਿ)

ਅੰਮ੍ਰਿਤਸਰ

ਪਿੱਠ ਅੰਕਣ ਨੰਬਰ: ਸਮ

ਉਤਾਰਾ: ਮਾਨਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਨੂੰ ਉਨ੍ਹਾ ਵੱਲੋਂ ਦਿੱਤੇ ਅਦੇਸ਼ਾਂ ਦੀ ਪਾਲਣਾ ਹਿੱਤ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

04/1/17

ਜਿਲ੍ਹਾ ਸਿਖਿਆ ਅਫਸਰ (ਸੈ:ਸਿ)

ਅੰਮ੍ਰਿਤਸਰ